

# ਕਮਿਊਨਿਟੀ ਪੁਲਿਸਿੰਗ

PROTECTION PARTNERSHIP PEACE

INSTITUTE FOR DEVELOPMENT AND COMMUNICATION
Peace, Conflict Resolution & Policing | Education | Governance Studies | Gender Studies | Development Studies

# DISTRICT, SUB-DIVISION AND POLICE STATION SAANJH KENDRAS




1. District SAANJH Kendra

2. Sub-division SAANJH Kendra






3. Police Station SAANJH Kendra

# ਕਮਿਊਨਿਟੀ ਪੁਲਿਸਿੰਗ

Pramod Kumar
Assisted by: Harsh Chopra

INSTITUTE FOR DEVELOPMENT AND COMMUNICATION, CHANDIGARH

© Institute for Development and Communication, 2019

Published by
Institute for Development and Communication, 2019
Sector 38A, Chandigarh - 160 014, India

Tel: 0172-2625941
Fax: 0172-2625942
Web: www.idcindia.org
E-mail: idcindia@idcindia.org

All rights reserved. No part of this publication may be reproduced, stored in a retrieval system or transmitted, in any form or by any means, electronic, mechanical, photocopying, recording or otherwise, without prior permission in writing of Institute for Development and Communication.

# ਕਮਿਊਨਿਟੀ ਪੁਲਿਸਿੰਗ

ਜੁਰਮ ਇਕ ਗੁੰਝਲਦਾਰ ਸਮਾਜਿਕ ਵਰਤਾਰਾ ਹੁੰਦਾ ਹੈ, ਜਿਸ ਨੂੰ ਕੋਈ ਵੀ ਇਕੱਲੀ ਏਜੰਸੀ ਅਸਰਦਾਰ ਤਰੀਕੇ ਨਾਲ ਨਜਿੱਠ ਨਹੀਂ ਸਕਦੀ। ਜੁਰਮ ਉਤੇ ਕਾਬੂ ਪਾਉਣ ਦੀ ਜ਼ਿੰਮੇਵਾਰੀ ਇਕੱਲੀ ਪੁਲਿਸ ਦੀ ਨਹੀਂ ਸਗੋਂ ਸਮੁਚੇ ਭਾਈਚਾਰੇ ਦੀ ਹੁੰਦੀ ਹੈ। ਕਮਿਊਨਿਟੀ ਪੁਲਿਸਿੰਗ ਪੀੜਤ-ਮੁਖੀ ਸੇਵਾ ਪੂਰਤੀ ਦਾ ਫਲਸਫਾ ਹੈ ਜਿਸ ਦਾ ਉਦੇਸ਼ ਮਸਲੇ ਦੇ ਹੱਲ ਉਤੇ ਜ਼ੋਰ ਦੇ ਕੇ ਜਵਾਬਦੇਹੀ ਅਤੇ ਪ੍ਰਭਾਵਸ਼ੀਲਤਾ ਵਿਚ ਬਿਹਤਰੀ ਲਿਆਉਣਾ ਹੈ। ਕਮਿਊਨਿਟੀ ਪੁਲਿਸਿੰਗ ਭਾਈਚਾਰੇ ਵਿਚੋਂ ਸਰੋਤ ਲੱਭਦੀ ਹੈ ਤਾਂ ਜੋ ਜੁਰਮ ਉਤੇ ਕਾਬੂ ਪਾਉਣ ਲਈ ਕੀਤੇ ਜਾਂਦੇ ਯਤਨਾਂ ਵਿਚ ਲੋਕਾਂ ਦਾ ਵੀ ਹਿੱਸਾ ਹੋਵੇ। ਜੁਰਮ ਅਤੇ ਜੁਰਮ ਦੇ ਡਰ ਦੇ ਕਾਜ਼ ਨੂੰ ਮੁਖਾਤਬ ਹੋਣ ਲਈ ਇਹ ਪੁਲਿਸ ਅਤੇ ਭਾਈਚਾਰੇ ਦੀ ਭਾਗੀਦਾਰੀ ਨੂੰ ਉਤਸ਼ਾਹਤ ਕਰਦੀ ਹੈ।

ਕਮਿਊਨਿਟੀ ਪੁਲਿਸਿੰਗ ਦਾ ਚੁਰੇੜਾ ਰੂਪ — ਕਮਿਊਨਿਟੀ ਦੇ ਲਈ ਅਤੇ ਇਸ ਦੇ ਹੀ ਰਾਹੀਂ ਪੁਲਿਸਿੰਗ — ਵੀ ਪੁਲਿਸ ਅਤੇ ਭਾਈਚਾਰੇ ਵਿਚਲੀ ਦੂਰੀ ਨੂੰ ਮੇਟਦਾ ਨਹੀਂ। ਕਮਿਊਨਿਟੀ ਦੇ ਰਾਹੀਂ ਪੁਲਿਸਿੰਗ ਜੇ ਹੋਵੇ ਤਾਂ ਕੋਮਲ ਪੁਲਿਸਿੰਗ ਜਿਵੇਂ ਟਰੈਫਿਕ ਪ੍ਰਬੰਧਨ, ਸਮਾਜਿਕ ਪਹਿਰੇਦਾਰੀ, ਆਦਿ ਵਿਚ ਭਾਈਚਾਰੇ ਦੇ ਮੈਂਬਰ ਸਹਿਯੋਗੀਆਂ ਵਜੋਂ ਸ਼ਰਕਤ ਕਰ ਸਕਣ। ਕਮਿਊਨਿਟੀ ਪੁਲਿਸਿੰਗ ਦੀ ਇਸ ਕਿਸਮ ਦੀ ਸਮਝ ਜਾਂ ਤਾਂ ਘਟਾਉਵਾਦੀ ਹੁੰਦੀ ਹੈ ਜਾਂ ਵੱਧ ਤੋਂ ਵੱਧ ਇਹ ਲੋਕ ਸੰਪਰਕ ਦੀ ਕਾਰਵਾਈ ਬਣ ਕੇ ਰਹਿ ਜਾਂਦੀ ਹੈ। ਦੂਜੇ ਸ਼ਬਦਾਂ ਵਿਚ ਆਖੀਏ ਤਾਂ ਕਮਿਊਨਿਟੀ ਪੁਲਿਸਿੰਗ ਨਾ ਕੇਵਲ ਕਮਿਊਨਿਟੀ ਵਾਸਤੇ ਪੁਲਿਸਿੰਗ ਹੁੰਦੀ ਹੈ ਸਗੋਂ ਕਮਿਊਨਿਟੀ ਦੇ ਨਾਲ ਨਾਲ ਪੁਲਿਸਿੰਗ ਹੁੰਦੀ ਹੈ।

## ਕਮਿਊਨਿਟੀ ਦੇ ਨਾਲ ਪੁਲਿਸਿੰਗ ਦੇ ਮੁਖ ਲੱਛਣ ਹਨ:

(ੳ) ਇਸ ਨਾਲ ਭਾਈਚਾਰੇ ਅਤੇ ਪੁਲਿਸ ਦੋਹਾਂ ਨੂੰ ਇਕੱਠਿਆਂ ਜੁਰਮਾਂ ਦੀ ਰੋਕਥਾਮ ਲਈ, ਸੁਰਖਿਅਤ ਆਲਾ- ਦ ੁਆਲਾ ਅਤੇ ਨਿਆਂ ਦੀ ਕੁਸ਼ਲ ਪੂਰਤੀ ਉਸਾਰਨ ਲਈ ਚੋਖੀ ਸ਼ਕਤੀ ਮਿਲਦੀ ਹੈ।

(ਅ) ਇਸ ਅੰਦਰ ਹੀ ਕਮਿਊਨਿਟੀ ਅਤੇ ਪੁਲਿਸ ਦਰਮਿਆਨ ਤਾਲਮੇਲ ਦਾ ਸਵੈ-ਸਿਰਜਤ ਮੈਕਾਨਿਜ਼ਮ ਹੁੰਦਾ ਹੈ।

(ੲ) ਇਸ ਨੇ ਪੁਲਿਸ ਅਤੇ ਕਮਿਊਨਿਟੀ ਦੋਹਾਂ ਲਈ ਨੁਮਾਇੰਦਗੀ, ਭਾਗੀਦਾਰੀ ਅਤੇ ਫੈਸਲਾ ਲੈਣ ਦੇ ਅਰਥਾਂ ਵਿਚ ਮੁਖ ਧਾਰਾ ਦੀ ਵਿਭਿੰਨਤਾ ਦਾ ਸੰਸਥਾਗਤ ਸਿਸਟਮ ਵਿਕਸਤ ਕਰ ਲਿਆ ਹੈ।

(ਸ) ਵਲੰਟਰੀ ਉਪਰਾਲੇ ਦੀ ਥਾਂ ਇਹ ਵਿਧੀਆਂ ਅਤੇ ਪ੍ਰੋਟੋਕੋਲਾਂ ਰਾਹੀਂ ਬਣਾਇਆ ਗਿਆ ਪੇਸ਼ਾਵਰ ਅਤੇ ਮਿਲਵਰਤਣੀ ਉਦਮ ਹੁੰਦਾ ਹੈ।

(ਹ) ਕਮਿਊਨਿਟੀ ਪੁਲਿਸਿੰਗ ਨੂੰ ਜਿਵੇਂ ਪੁਲਿਸ ਦਾ ਕੰਮ ਹੁੰਦਾ ਹੈ ਉਵੇਂ ਹੀ ਪੁਲਿਸਿੰਗ ਦੇ ਕੰਮ ਦਾ ਅਖੰਡ ਹਿੱਸਾ ਸਮਝਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਹੈ ਕਿ ਇਸ ਕੰਮ ਵਾਸਤੇ ਵੱਖਰੇ ਕਮਿਊਨਿਟੀ ਦੇ ਪ ੁਲਿਸ ਅਫਸਰ ਜਾ ਕਾਰਜਕਰਤਾ ਨਹੀਂ ਹੋਣਗੇ। ਹਰ ਸਿਪਾਹੀ ਨੂੰ ਕਮਿਊਨਿਟੀ ਪੁਲਿਸਿੰਗ ਦੇ ਦ੍ਰਿਸ਼ਟੀਕੋਣ ਨਾਲ ਸੰਵੇਦਨਸ਼ੀਲ ਬਣਾਇਆ ਜਾਵੇਗਾ, ਕਮਿਊਨਿਟੀ ਪੁਲਿਸਿੰਗ ਦੀਆਂ ਕੁਸ਼ਲਤਾਵਾਂ ਨਾਲ ਲੈਸ ਕੀਤਾ ਜਾਵੇਗਾ ਅਤੇ ਉਸ ਦੀ ਨਿਯੁਕਤੀ ਦੇ ਅਨੁਸਾਰ ਕਮਿਊਨਿਟੀ ਪੁਲਿਸਿੰਗ ਦੇ ਕਾਰਜ ਸੌਂਪੇ ਜਾਣਗੇ।

ਕਮਿਊਨਿਟੀ ਪੁਲਿਸਿੰਗ ਨੇ ਕੁਸ਼ਲ, ਬਰਾਬਰੀ ਦੇ ਅਤੇ ਕਾਰਗਰ ਤਰੀਕੇ ਨਾਲ ਸੇਵਾ ਪੂਰਤੀ (ਸਰਵਿਸ ਡਲਿਵਰੀ) ਲਈ ਪੁਲਿਸ ਅਤੇ ਕਮਿਊਨਿਟੀ (ਲੋਕਾਂ) ਦੇ ਦਰਮਿਆਨ ਸੰਪਰਕ ਮੁੜ-ਸਥਾਪਿਤ ਕਰਨਾ ਹੈ।

# ਕਮਿਊਨਿਟੀ ਪੁਲਿਸਿੰਗ ਕੀ ਨਹੀਂ ਹੈ?

- ਕਮਿਊਨਿਟੀ ਪੁਲਿਸਿੰਗ ਸਿਰਫ ਇਕਹਿਰੀ ਖਿੜਕੀ (ਸਿੰਗਲ ਵਿੰਡੋ) ਸੇਵਾ ਨਹੀਂ ਹੈ। ਦੂਜੇ ਸ਼ਬਦਾਂ ਵਿਚ ਕਹੀਏ ਤਾਂ ਇਹ ਲੋਕਾਂ ਲਈ ਪੁਲਿਸਿੰਗ ਨਹੀਂ ਹੈ।
- ਇਸ ਦਾ ਮਤਲਬ ਇਹ ਵੀ ਨਹੀਂ ਕਿ ਲੋਕਾਂ ਨੂੰ ਕਮਿਊਨਿਟੀ ਪੱਧਰ ਉਤੇ ਪੁਲਿਸ ਦੇ ਇਕ ਵਾਧੂ ਬਲ ਵਜੋਂ ਵਰਤਿਆ ਜਾਵੇ, ਮਿਸਾਲ ਲਈ, ਆਵਾਜਾਈ ਦਾ ਪ੍ਰਬੰਧ ਕਰਨ ਲਈ ਜਾਂ ਮੁਖ਼ਬਰ ਵਜੋਂ ਕੰਮ ਕਰਨ ਲਈ।
- ਕਮਿਊਨਿਟੀ ਪੁਲਿਸਿੰਗ ਕੋਈ ਪ੍ਰੋਜੈਕਟ ਵੀ ਨਹੀਂ ਅਤੇ ਨਾ ਹੀ ਸਮਸਿਆ ਹੱਲ ਕਰਨ ਦੀ ਕੋਈ ਤਕਨੀਕ।
- ਕਮਿਊਨਿਟੀ ਪੁਲਿਸਿੰਗ ਨਾ ਤਾਂ ਬਾਕਾਇਦਾ ਪੁਲਿਸ ਉਤੇ ਕੋਈ ਨਿਗਰਾਨੀ ਹੈ ਅਤੇ ਨਾ ਹੀ ਉਸ ਨਾਲੋਂ ਕੋਈ ਵੱਖਰੀ ਚੀਜ਼ ਅਤੇ ਨਾ ਹੀ ਇਹ ਮੌਜੂਦਾ ਪੁਲਿਸ ਦੀ ਕੋਈ ਸਮਰਥਨਕਾਰੀ ਮਸ਼ੀਨਰੀ ਹੈ।
- ਕਮਿਊਨਿਟੀ ਪੁਲਿਸਿੰਗ ਭਾਈਚਾਰੇ ਦੇ ਲੋਕਾਂ ਨੂੰ ਵਲੰਟੀਅਰ ਵਜੋਂ ਭਰਤੀ ਹੋਣ ਦੀ ਕੋਈ ਨਾਮਜ਼ਦਗੀ ਰਣਨੀਤੀ ਵੀ ਨਹੀਂ ਹੈ।
- ਕਮਿਊਨਿਟੀ ਪੁਲਿਸਿੰਗ ਸਕੀਮਾਂ ਦੀ ਕੋਈ ਅਡਹਾਕ (ਖਾਸ ਮਤਲਬ ਲਈ) ਟੋਕਰੀ ਵੀ ਨਹੀਂ ਹੈ। ਅਡਹਾਕ ਟੋਕਰੀ ਤਾਂ ਵਿਅਕਤੀਗਤ ਤੁਅਸਬਾਂ ਅਤੇ ਉਹਨਾਂ ਦੀਆਂ ਸੀਮਾਵਾਂ ਨੂੰ ਪ੍ਰਗਟ ਕਰਦੀ ਹੈ।

# ਕਮਿਊਨਿਟੀ ਪੁਲਿਸਿੰਗ ਹੈ ਕੀ?

- ਕਮਿਊਨਿਟੀ ਪੁਲਿਸਿੰਗ ਆਮ ਪੁਲਿਸਿੰਗ ਦਾ ਅਖੰਡ ਹਿੱਸਾ ਹੈ।
- ਕਮਿਊਨਿਟੀ ਪੁਲਿਸਿੰਗ ਸੰਸਥਾਕ੍ਰਿਤ ਸੰਜੁਗਤ ਪਹੁੰਚ ਹੈ ਜੋ ਲਿੰਗ, ਜਾਤ, ਸ਼੍ਰੇਣੀ ਅਤੇ ਧਰਮਾਂ ਦੀ ਵਿਭਿੰਨਤਾ ਦਾ ਹੁੰਗਾਰਾ ਭਰਦੀ ਹੈ।
- ਕਮਿਊਨਿਟੀ ਪੁਲਿਸਿੰਗ ਪੁਲਿਸ, ਭਾਈਚਾਰੇ ਦੇ ਲੋਕਾਂ ਅਤੇ ਦੂਜੇ ਸਹਿਭਾਗੀਆਂ (ਸਟੇਕਹੋਲਡਰਾਂ) ਦਰਮਿਆਨ ਭਾਗੀਦਾਰੀ ਹੈ ਜੋ ਜੁਰਮਾਂ ਦੀ ਰੋਕਥਾਮ, ਬਚਾਉ ਅਤੇ ਨਿਆਂ ਦੀ ਪੂਰਤੀ ਲਈ ਸਿਰਜੀ ਗਈ ਹੈ।
- ਭਾਗੀਦਾਰੀ ਦਾਅਪੇਚਾਂ ਦੀ ਰਣਨੀਤੀ ਵੀ ਨਹੀਂ ਹੈ, ਸਗੋਂ ਇਹ ਤਾਂ ਪੁਲਿਸਿੰਗ ਪ੍ਰਤੀ ਇਕ ਪਹੁੰਚ ਹੈ। ਦੂਜੇ ਸ਼ਬਦਾਂ ਵਿਚ, ਕਮਿਊਨਿਟੀ ਪੁਲਿਸਿੰਗ ਦਾ ਮਤਲਬ ਕਮਿਊਨਿਟੀ ਦੇ ਨਾਲ ਮਿਲਕੇ ਪੁਲਿਸਿੰਗ ਦਾ ਕੰਮ ਕਰਨਾ ਹੈ। ਇਹ ਕਮਿਊਨਿਟੀ ਅਤੇ ਪੁਲਿਸ ਦੇ ਵਿਚਾਲੇ ਮਿਲਵਰਤਣਕਾਰੀ ਪ੍ਰਸਪਰ ਸੰਪਰਕ ਆਧਾਰਤ ਰਿਸ਼ਤਾ ਹੈ।
- ਕਮਿਊਨਿਟੀ ਪੁਲਿਸਿੰਗ ਨਾਲ ਕਮਿਊਨਿਟੀ ਅਤੇ ਪੁਲਿਸ ਦੋਹਾਂ ਨੂੰ ਅਪਰਾਧਾਂ ਦੀ ਰੋਕਥਾਮ ਅਤੇ ਨਿਆਂ ਦੀ ਪੂਰਤੀ ਲਈ ਸ਼ਕਤੀ ਮਿਲਦੀ ਹੈ।

# ਪੰਜਾਬ ਵਿਚ ਕਮਿਊਨਿਟੀ ਪੁਲਿਸਿੰਗ ਦੀ ਜ਼ਰੂਰਤ ਕਿਉਂ ਹੈ?

- ਦਹਿਸ਼ਤਗਰਦੀ ਦੇ ਵਿਰੁਧ ਲੜਾਈ ਵਿਚ ਕਮਿਊਨਿਟੀ ਬੇਗਾਨੀ ਹੋ ਗਈ ਸੀ।
- ਅਡਹਾਕ, ਵਿਅਕਤੀਗਤ ਪਹਿਲਕਦਮੀਆਂ ਨੂੰ ਕਾਇਮ ਰਖਣ ਦੀ ਲੋੜ।
- ਲੋਕਾਂ ਨੂੰ ਸਿਆਣਪ ਦੇ ਸਭ ਤੋਂ ਵਡੇ ਭੰਡਾਰ ਵਜੋਂ ਮਾਨਤਾ ਦਿਤੀ ਜਾਵੇ।
- ਜੁਰਮਾਂ ਦੇ ਰੁਝਾਨਾਂ ਵਿਚ ਆ ਰਹੀਆਂ ਪੇਚੀਦਗੀਆਂ ਅਤੇ ਤਬਦੀਲੀਆਂ ਸੀਮਤ ਸਰੋਤਾਂ ਨਾਲੋਂ ਤੇਜ਼ ਚਲਦੀਆਂ ਹਨ।
- ਪੁਲਿਸ ਦੀਆਂ ਤਰਜੀਹਾਂ ਨੂੰ ਲੋਕਾਂ ਦੀਆਂ ਮਹਿਸੂਸ ਕੀਤੀਆਂ ਜਾਂਦੀਆਂ ਲੋੜਾਂ ਨਾਲ ਵਧੇਰੇ ਇਕਸੁਰ ਕੀਤਾ ਜਾਵੇ।
- ਪੁਲਿਸ ਦਾ ਅਕਸ ਸੁਧਾਰਨਾ।





# ਕੀ ਕਰਨਾ ਚਾਹੀਦਾ ਹੈ?

- ਅਡਹਾਕ ਪਹਿਲਕਦਮੀਆਂ ਦੀ ਥਾਂ ਉਤੇ ਕਮਿਊਨਿਟੀ ਪੁਲਿਸਿੰਗ ਨੂੰ ਸੰਸਥਾਈ ਰੂਪ ਦੇਣਾ।
- ਪੁਲਿਸ ਦੇ ਕੰਮ ਵਿਚ ਕਮਿਊਨਿਟੀ ਦੀ ਸ਼ਿਰਕਤ ਚੰਗੇਰੀ ਬਣਾਉਣਾ।
- ਨਵੇਂ ਵਿਚਾਰਾਂ, ਸਿਰਜਣਾਤਮਿਕਤਾ ਅਤੇ ਖਤਰੇ ਉਠਾਕੇ ਅਗੇ ਵਧਣ ਨੂੰ ਉਤਸ਼ਾਹਤ ਕਰਦਿਆਂ ਮੂਹਰਲੀਆਂ ਸਫਾਂ ਵਿਚ ਕਾਰਜਸ਼ੀਲ ਮੁਲਾਜ਼ਮਾਂ ਨੂੰ ਵਧੇਰੇ ਸ਼ਕਤੀਆਂ ਦੇਣਾ ਅਤੇ ਫੈਸਲੇ ਲੈਣ ਨੂੰ ਵਿਕੇਂਦਰਿਤ ਕਰਨਾ।
- ਸਮਸਿਆਵਾਂ ਹੱਲ ਕਰਨਾ, ਜੁਰਮਾਂ ਦੀ ਰੋਕਥਾਮ ਅਤੇ ਅਮਨ ਕਾਇਮ ਰਖਣ ਉਤੇ ਧਿਆਨ ਕੇਂਦਰਿਤ ਕਰਨਾ।
- ਪੁਲਿਸ ਅਤੇ ਲੋਕਾਂ ਵਿਚਾਲੇ ਰਿਸ਼ਤਿਆਂ ਨੂੰ ਬਿਹਤਰ ਬਣਾਉਣਾ।

# 'ਸਾਂਝ ਕੇਂਦਰ' ਕੀ ਹੁੰਦਾ ਹੈ


- ਸਾਂਝ ਕੇਂਦਰ ਖੁਦ-ਮੁਖਤਿਆਰ ਰਜਿਸਟ੍ਰਡ ਸਭਾਵਾਂ ਹੁੰਦੇ ਹਨ ਜਿਹਨਾਂ ਦਾ ਪ੍ਰਬੰਧ ਸਾਂਝੇ ਤੌਰ ਤੇ ਕਮਿਊਨਿਟੀ ਅਤੇ ਪੁਲਿਸ ਦੇ ਮੁਲਾਜ਼ਮ ਕਰਦੇ ਹਨ। ਇਹ ਕੇਂਦਰ ਨਾਗਰਿਕਾਂ ਨੂੰ ਪੁਲਿਸ ਨਾਲ ਸੰਬੰਧਤ ਸੇਵਾਵਾਂ ਵਿਚ ਬਾ-ਵਕਾਰ ਪਹੁੰਚ ਅਤੇ ਭਾਈਚਾਰਾ-ਮੁੱਖੀ ਪ੍ਰੋਗਰਾਮਾਂ ਨੂੰ ਮੰਚ ਮੁਹੱਈਆ ਕਰਦਾ ਹੈ।
- ਇਹ ਜੁਰਮਾਂ ਦੀ ਰੋਕਥਾਮ, ਸ਼ਿਕਾਇਤ ਨਿਵਾਰਨ, ਪੀੜਤ ਦੀ ਸਹਾਇਤਾ ਅਤੇ ਕਾਨੂੰਨ, ਨਿਯਮ ਅਤੇ ਵਿਧੀਆਂ, ਨਾਗਰਿਕ ਅਧਿਕਾਰਾਂ ਅਤੇ ਡਿਊਟੀਆਂ ਬਾਰੇ ਪੁਲਿਸ-ਕਮਿਊਨਿਟੀ ਭਾਗੀਦਾਰੀ ਲਈ ਮੈਦਾਨ ਮੁਹੱਈਆ ਕਰਦਾ ਹੈ।
- ਇਹ ਕਮਿਊਨਿਟੀ ਪੁਲਿਸਿੰਗ ਨੂੰ ਮੌਜੂਦਾ ਪੁਲਿਸ ਸਿਸਟਮ ਨਾਲ ਸੁਮੇਲਣ ਦਾ ਸੰਸਥਾਕਰਣ ਉਪਰਾਲਾ ਹੈ।
- ਇਸ ਕੋਲ ਸਿਵਲ, ਨਿਆਇਕ ਅਤੇ ਗੈਰ-ਸਰਕਾਰੀ ਸੰਗਠਨਾਂ ਨਾਲ ਤਾਲਮੇਲ ਦਾ ਅੰਤਰੀਵ-ਨਿਰਮਿਤ (ਬਿਲਟ-ਇਨ) ਮੈਕਾਨਿਜ਼ਮ ਹੈ।
- ਇਹ ਭਾਈਚਾਰੇ ਨਾਲ ਭਾਗੀਦਾਰੀ ਵਿਚ ਪੁਲਿਸਿੰਗ ਦਾ ਛੇ-ਪਰਤੀ (ਸਿਕਸ-ਟਾਇਰ) ਸਿਸਟਮ ਹੈ ਜਿਸ ਨੂੰ ਸਿਵਲ ਸਮਾਜ, ਵਿਸ਼ੇਸ਼ੱਗਾਂ, ਐਨਜੀਓ ਸੰਗਠਨਾਂ, ਪੁਲਿਸ ਕਾਰਜਕਰਤਾਵਾਂ ਅਤੇ ਸਿਵਲ ਪ੍ਰਸ਼ਾਸਨ ਦੇ ਨੁਮਾਇੰਦਿਆਂ ਉਤੇ ਆਧਾਰਤ ਕਮੇਟੀਆਂ ਰਾਹੀਂ ਚਲਾਇਆ ਜਾਂਦਾ ਹੈ।

# ਕਮਿਊਨਿਟੀ ਪੁਲਿਸ ਕੇਂਦਰਾਂ — ਸਾਂਝ ਕੇਂਦਰਾਂ — ਦੀ ਸਾਰਥਕਤਾ

- ਪੁਲਿਸ ਸੇਵਾਵਾਂ ਤਕ ਲੋਕਾਂ ਦੀ ਸੌਖੀ ਅਤੇ ਬਾ-ਵਕਾਰ ਪਹੁੰਚ
- ਕਮਿਊਨਿਟੀ ਪੁਲਿਸ ਰਿਸ਼ਤਿਆਂ ਵਿਚ ਸੁਧਾਰ
- ਸੇਵਾਵਾਂ ਅਤੇ ਵਿਹਾਰ ਵਿਚ ਪਾਰਦਰਸ਼ਤਾ
- ਸਾਰੇ ਨਾਗਰਿਕਾਂ ਅਤੇ ਕਮਿਊਨਿਟੀ ਦੇ ਸਾਰੇ ਤਬਕਿਆਂ ਦੇ ਅਧਿਕਾਰਾਂ ਨੂੰ ਮੁਖਾਤਬ ਹੋਣ ਦਾ ਮੰਚ
- ਜੁਰਮਾਂ ਨਾਲ ਨਿਪਟਣ ਅਤੇ ਸ਼ਿਕਾਇਤ ਨਿਵਾਰਨ ਵਿਚ ਲੋਕਾਂ ਦਾ ਭਰੋਸਾ ਉਸਾਰਦਾ ਹੈ।

# ਸਾਂਝ ਪ੍ਰੋਗਰਾਮ ਦਾ ਸੰਸਥਾਗਤ ਢਾਂਚਾ

## ਪੁਲਿਸ ਦਾ ਸੰਗਠਨ ਅਤੇ ਕਮਿਊਨਿਟੀ ਪੁਲਿਸ ਕੇਂਦਰਾਂ (ਸਾਂਝ ਕੇਂਦਰਾਂ) ਦਾ ਢਾਂਚਾ



# ਪ੍ਰਸ਼ਾਸਨਿਕ ਢਾਂਚਾ

ਸਾਂਝ ਪ੍ਰੋਗਰਾਮ ਦਾ **ਪੰਜ**-ਪਰਤੀ ਖੜ੍ਹਵਾਂ ਪ੍ਰਸ਼ਾਸਨਿਕ ਢਾਂਚਾ ਹੁੰਦਾ ਹੈ। ਲੇਟਵੇਂ ਤੌਰ ਤੇ ਹਰ ਪਰਤ ਦੇ ਸਰਕਾਰੀ ਵਿਭਾਗਾਂ ਅਤੇ ਕਮਿਊਨਿਟੀ ਢਾਂਚਿਆਂ ਨਾਲ ਬਹੁ-ਖੇਤਰੀ ਸੰਪਰਕ ਹਨ। ਹਰ ਖੇਤਰ ਆਪਣੀ ਪਰਤ ਦੇ ਕਰਤੱਵਾਂ ਵਿਚ ਬੁਣਿਆ ਹੋਇਆ ਹੈ।

# ਕਮਿਊਨਿਟੀ ਪੁਲਿਸਿੰਗ ਪ੍ਰੋਗਰਾਮ (ਸਾਂਝ) ਦਾ ਢਾਂਚਾ

**ਸਟੇਟ ਪੁਲਿਸ ਹੈੱਡਕੁਆਟਰ** — ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ)

**ਰੇਂਜ ਦਫਤਰ** — ਕਮਿਊਨਿਟੀ ਪੁਲਿਸਿੰਗ ਮੋਨੀਟਰਿੰਗ ਯੂਨਿਟ

**ਜ਼ਿਲਾ ਪੁਲਿਸ ਹੈੱਡਕੁਆਟਰ** — ਜ਼ਿਲਾ ਸਾਂਝ ਕਮੇਟੀ ਅਤੇ ਸਲਾਹਕਾਰ ਬੋਰਡ

ਜ਼ਿਲਾ ਸਾਂਝ ਕੇਂਦਰ (ਸੀਪੀਆਰਸੀ)

1. ਸ਼ਿਕਾਇਤ ਨਿਵਾਰਨ ਯੂਨਿਟ
2. ਕਮਿਊਨਿਟੀ ਸੇਵਾਵਾਂ ਕਮ ਸੂਚਨਾ ਯੂਨਿਟ
   - ਐਨਆਰਆਈ ਅਤੇ ਵਿਦੇਸ਼ੀ ਕਾਊਂਟਰ
   - ਜੁਰਮ ਰੋਕਥਾਮ ਕਾਊਂਟਰ
   - ਤਸਦੀਕ ਅਤੇ ਆਗਿਆ ਕਾਊਂਟਰ
   - ਆਰਟੀਆਈ ਕਾਊਂਟਰ
   - ਟਰੈਫਿਕ ਪ੍ਰਬੰਧਨ ਅਤੇ ਸੂਚਨਾ ਕਾਊਂਟਰ
3. ਕਾਨੂੰਨੀ ਸਹਾਇਤਾ ਅਤੇ ਪੀੜਤ ਸਹਾਇਤਾ ਯੂਨਿਟ
4. ਸੰਵੇਦਨੀਕਰਣ ਅਤੇ ਝਗੜਾ ਨਿਪਟਾਊ ਯੂਨਿਟ
   - ਮਰਦ ਔਰਤ ਝਗੜੇ ਨਜਿੱਠਣਾ
   - ਆਰਥਿਕ ਝਗੜੇ ਨਜਿੱਠਣਾ
   - ਸਮਾਜਿਕ ਅਤੇ ਸਿਆਸੀ ਝਗੜੇ ਨਜਿੱਠਣਾ

**ਸਬ-ਡਿਵੀਜ਼ਨ ਪੁਲਿਸ ਦਫਤਰ** — ਸਬ-ਡਿਵੀਜ਼ਨ ਸਾਂਝ ਕਮੇਟੀ ਅਤੇ ਸਲਾਹਕਾਰ ਬੋਰਡ

ਸਬ-ਡਿਵੀਜ਼ਨ ਸਾਂਝ ਕੇਂਦਰ (ਸੀਪੀਐਸਸੀ)

1. ਕਮਿਊਨਿਟੀ ਸੇਵਾਵਾਂ ਕਮ ਸੂਚਨਾ ਯੂਨਿਟ
2. ਐਨਆਰਆਈ ਅਤੇ ਵਿਦੇਸ਼ੀ ਕਾਊਂਟਰ
3. ਮਰਦ ਔਰਤ ਝਗੜੇ ਨਜਿੱਠਣ ਯੂਨਿਟ

**ਥਾਣਾ (ਪੁਲਿਸ ਸਟੇਸ਼ਨ)** — ਥਾਣਾ ਸਾਂਝ ਕਮੇਟੀਆਂ ਅਤੇ ਸਲਾਹਕਾਰ ਬੋਰਡ

ਥਾਣਾ ਸਾਂਝ ਕੇਂਦਰ (ਪੀਐਸਓਸੀ)

1. ਕਮਿਊਨਿਟੀ ਸੇਵਾਵਾਂ ਕਮ ਸੂਚਨਾ ਯੂਨਿਟ
2. ਮਰਦ ਔਰਤ ਅਤੇ ਸਮਾਜਿਕ ਝਗੜੇ ਨਜਿੱਠਣ ਯੂਨਿਟ

## ਉਪਲੱਬਧ ਸੇਵਾਵਾਂ

| ਲੜੀ | ਸੇਵਾਵਾਂ ਦਾ ਨਾਮ | ਸਮਾਂ ਹੱਦ |
|---|---|---|
| 1 | ਅਸਲਾ ਲਾਇਸੰਸ ਦਾ ਨਵਿਆਉਣਾ | 15 ਦਿਨ |
| 2 | ਅਸਲਾ ਲਾਇਸੰਸ ਦਾ ਨਵਿਆਉਣਾ ਜਿਥੇ ਲਾਇਸੰਸੀ ਨੇ ਆਪਣੀ ਰਿਹਾਇਸ਼ ਬਦਲ ਲਈ ਹੈ। | 30 ਦਿਨ |
| 3 | ਅਸਲਾ ਲਾਇਸੰਸ ਦਾ ਨਵਿਆਉਣਾ ਜਿਥੇ ਐਡਵਰਸ ਰਿਪੋਰਟ ਪ੍ਰਾਪਤ ਹੋਈ ਹੈ। | 60 ਦਿਨ |
| 4 | ਅਸਲਾ ਲਾਇਸੰਸ ਨਵਿਆਉਣਾ (ਤਰੀਕ ਲੰਘ ਜਾਣ ਤੋ ਬਾਅਦ) | 40 ਦਿਨ |
| 5 | ਅਸਲੇ ਵਿਚ ਵਾਧਾ ਕਰਨਾ | 15 ਦਿਨ |
| 6 | ਅਸਲੇ ਵਿਚ ਘੱਟਾ ਕਰਨਾ | 7 ਦਿਨ |
| 7 | ਹਥਿਆਰ ਦੇ ਲਾਇਸੰਸ ਤੇ ਅਸਲੇ ਦੀ ਐਂਟ੍ਰੀ | 7 ਦਿਨ |
| 8. | ਅਸਲਾ ਖ਼੍ਰੀਦ ਕਰਨ ਦੇ ਸਮੇ ਵਿਚ ਵਾਧਾ | 15 ਦਿਨ |
| 9. | ਵਿਦੇਸ਼ੀਆਂ ਦੀ ਰਜਿਸਟ੍ਰੇਸ਼ਨ ( ਆਗਮਨ ਅਤੇ ਰਵਾਨਗੀ ) | ਤੁਰੰਤ |
| 10. | ਵਿਦੇਸ਼ੀਆਂ ਦੇ ਰਿਹਾਇਸ਼ੀ ਪਰਮਿੱਟ ਦਾ ਵਾਧਾ | 5 ਦਿਨ |
| 11 | ਐਫ.ਆਈ.ਆਰ. ਜਾਂ ਡੀ.ਡੀ.ਆਰ. ਦੀ ਨਕਲ | ਤੁਰੰਤ |
| 12 | ਲਾਊਡ ਸਪੀਕਰ ਦੀ ਵਰਤੋ ਲਈ ਐਨ.ਓ.ਸੀ. | 10 ਦਿਨ |
| 13 | ਮੇਲਿਆਂ ਨੁਮਾਇਸ਼ਾ ਲਈ ਐਨ.ਓ.ਸੀ. | 10 ਦਿਨ |
| 14 | ਸਟਰੇਜ਼ਰ ਵੈਰੀਫਿਕੇਸ਼ਨਾ ( ਹੋਰ ਜ਼ਿਲੇ/ਰਾਜ ਦਾ ਸਟਰੇਂਜ਼ਰ ਉਥੋਂ ਦੀ ਵੈਰੀਫਿਕੇਸ਼ਨ ਮਿਲਣ ਤੋਂ ਬਾਦ) | 5 ਦਿਨ |
| 15 | ਕਿਰਾਏਦਾਰ ਨੌਕਰ ਪੜਤਾਲ ( ਸਥਾਨਕ ਖੇਤਰ ਦਾ ਨਿਵਾਸੀ ) | 10 ਦਿਨ |
| 16. | ਕਿਰਾਏਦਾਰ ਨੌਕਰ ਪੜਤਾਲ (ਜੇ ਕਿਸੇ ਹੋਰ ਜ਼ਿਲੇ/ਰਾਜ ਦਾ ਨਿਵਾਸੀ ਹੈ ਅਤੇ ਹੋਰ ਜ਼ਿਲੇ/ਰਾਜ ਤੋਂ ਪੜਤਾਲ ਮਿਲਣ ਪਿਛੋਂ) | 5 ਦਿਨ |
| 17. | ਸੇਵਾਵਾਂ ਸਬੰਧੀ ਹੋਰ ਪੜਤਾਲ | 30 ਦਿਨ |
| 18. | ਸੜਕ ਹਾਦਸਾ ਕੇਸਾਂ ਵਿੱਚ ਅਨਟ੍ਰੇਸਡ ਰਿਪੋਰਟ ਦੀ ਨਕਲ | 45 ਦਿਨ |
| 19. | ਚੋਰੀਸੁ਼ਦਾ ਵਾਹਨਾਂ ਨਾਲ ਸਬੰਧਿਤ ਕੇਸਾਂ ਵਿੱਚ ਅਨਟ੍ਰੇਸਡ ਰਿਪੋਰਟ ਦੀ ਨਕਲ | 45 ਦਿਨ |
| 20. | ਚੋਰੀ ਦੇ ਕੇਸਾਂ ਵਿੱਚ ਅਨਟ੍ਰੇਸਡ ਰਿਪੋਰਟ ਦੀ ਨਕਲ | 60 ਦਿਨ |
| 21. | ਪ੍ਰੀ ਓਨਡ ਵਾਹਨਾਂ ਦੀ ਐਨ.ਓ.ਸੀ. | 5 ਦਿਨ |
| 22. | ਸਰਵਿਸ ਵੈਰੀਫਿਕੇਸ਼ਨ | 10 ਦਿਨ |
| 23. | ਆਚਰਨ ਪੜਤਾਲ | 10 ਦਿਨ |
| 24. | ਹਥਿਆਰ ਡੀਲਰਾਂ ਦਾ ਲਾਇਸੰਸ ਜਾਰੀ ਕਰਨ/ਰੈਨੂਅਲ ਲਈ ਐਨ.ਓ.ਸੀ. | 30 ਦਿਨ |
| 25. | ਸਿਨੇਮਾ ਹਾਲ ਆਦਿ ਦੀ ਸਥਾਪਨਾ ਲਈ ਐਨ.ਓ.ਸੀ.ਜਾਰੀ ਕਰਨਾ | 30 ਦਿਨ |
| 26 | ਪਾਸਪੋਰਟ ਪੜਤਾਲ | 21 ਦਿਨ |
| 27 | ਨਵੇਜ਼ ਹਥਿਆਰ ਲਾਇਸੰਸ ਲਈ ਪੜਤਾਲ | 45 ਦਿਨ |
| 28. | ਸ਼ਿਕਾਇਤ ਦੀ ਰਸੀਦ | ਤੁਰੰਤ |
| 29. | ਸਿਕਾਇਤ ਦੀ ਕਾਰਵਾਈ (ਐਫ.ਆਈ.ਆਰ/ਡੀ.ਡੀ.ਆਰ/ਫਾਇਲ ਆਦਿ) | 30 ਦਿਨ |
| 30 | ਐਮ.ਆਰ.ਜੀ ਇੰਨਕੁਆਰੀ | 21 ਦਿਨ |
| 31 | ਪਾਸਪੋਰਟ ਨਾਲ ਸਬੰਧਤ ਹੋਰ ਸੇਵਾ | 21 ਦਿਨ |
| 32 | ਕਾਊਟਰ ਸਾਇਨ | 7 ਦਿਨ |
| 33 | ਨਵਾਂ ਅਸਲਾ ਲਾਇਸੰਸ ਜ਼ਾਰੀ ਕਰਨਾ | 45 ਦਿਨ |
| 34 | ਡੁਪਲੀਕੇਟ ਅਸਲਾ ਲਾਇਸੰਸ | 10 ਦਿਨ |
| 35 | ਅਸਲੇ ਦੀ ਸੇਲ ਲਈ ਐਨ.ਓ.ਸੀ | 10 ਦਿਨ |
| 36 | ਜੁਰਿਸਡਿਕਸ਼ਨ ਵਿਚ ਵਾਧਾ ਕਰਨਾ | 20 ਦਿਨ |
| 37 | ਅਸਲਾ ਲਾਇਸੰਸ ਕੈਂਸਲ ਕਰਾਉਣਾ | 15 ਦਿਨ |
| 38 | ਅਸਲਾ ਲਾਇਸੰਸ ਵਿਚ ਐਡਰੈਸ ਬਦਲੀ ਕਰਾਉਣਾ | 30 ਦਿਨ |
| 39 | ਅਸਲੇ ਦਾ ਰਿਟੇਨਰ ਨਿਯੁੱਕਤ ਕਰਾਉਣਾ | 15 ਦਿਨ |
| 40 | ਅਸਲੇ ਦੇ ਰਿਟੇਰਨ ਦਾ ਐਡੀਸ਼ਨ ਕਰਾਉਣਾ ਕਰਾਉਣਾ | 30 ਦਿਨ |
| 41 | ਅਸਲੇ ਦੇ ਰਿਟੇਰਨ ਦਾ **ਡੇਲੀਸ਼ਨ** ਕਰਾਉਣਾ ਕਰਾਉਣਾ | 5 ਦਿਨ |
| 42 | ਬੋਰ ਵਿਚ ਬਦਲਾ ਕਰਾਉਣਾ | 10 ਦਿਨ |
| 43 | ਮੌਤ ਹੋਣ ਦੀ ਸੂਰਤ ਵਿਚ ਅਸਲਾ ਜਮ੍ਹਾਂ ਕਰਾਉਣਾ ਦੀ ਆਗਿਆ | 7 ਦਿਨ |
| 44 | ਮੌਤ ਹੋਣ ਦੀ ਸੂਰਤ ਵਿਚ ਅਸਲਾ ਵੇਚਣ ਦੀ ਆਗਿਆ | 20 ਦਿਨ |
| 45 | ਕਾਟਰਿਜ਼ ਵਧਾਉਣ ਦੀ ਆਗਿਆ | 20 ਦਿਨ |

*** ਨੋਟ ਕਰੋ: ਏ ਸੇਵਾਵਾਂ ਪੰਜਾਬ ਟ੍ਰਾਂਸਪੇਰੇਨ੍ਸੀ ਏੰਡ ਅਕਾਉਂਟਬਿਲਿਟੀ ਇਨ ਡਿਲਿਵਰੀ ਆਫ ਸਰਵੀਸਿਸ ਏਕਟ, 2018 ਹੇਠ ਨੋਟੀਫਾਇ ਹੋਣੀਆ ਹਨ.**

ਏ. ਡੀ. ਜੀ. ਪੀ.  ਕਮਜੂਨਿਟੀ  ਪੁਲਿਸਿੰਗ & ਆਇ. ਜੀ. ਪੀ. ਕਮਜੂਨਿਟੀ  ਪੁਲਿਸਿੰਗ
ਕਮਜੂਨਿਟੀ  ਪੁਲਿਸਿੰਗ  ਵਿੰਗ
ਪੰਜਾਬ  ਪੁਲਿਸ  ਕਾਂਪ੍ਲੇਕ੍ਸ
ਫੇਜ਼ 7 ਮੋਹਾਲੀ
0172-2220050

ਸਾਂਝ ਕੰਟ੍ਰੋਲ ਰੂਮ: 0161-4640900
ਪੰਜਾਬ  ਪੁਲਿਸ  ਹੇਲ੍ਪਲਾਇਨ :181
ਏਮਰ੍ਜੇਨ੍ਸੀ ਰੇਸ੍ਪਾਨ੍ਸ ਨੰਬਰ: 112